# ਸਕੂਲ ਬਾਂਡ Measure M ਯੋਜਨਾ ਪ੍ਰੋਜੈਕਟ
# ਆਮ ਪੁੱਛੇ ਜਾਣ ਵਾਲੇ ਸਵਾਲ

www.egusd.net

**ਇਹ ਪ੍ਰੋਜੈਕਟ ਕਿਸ ਬਾਰੇ ਹੈ?**

ਨੇਬਰਹੁਡ ਸਕੂਲਾਂ ਵਿੱਚ ਗੁਣਵੱਤਾ ਵਾਲੀ ਸਿੱਖਿਆ ਨੂੰ ਕਾਇਮ ਰੱਖਣ ਪ੍ਰਤੀ ਸਾਡੀ ਵਚਨਬੱਧਤਾ ਦੇ ਹਿੱਸੇ ਵਜੋਂ, Elk Grove Unified School District (EGUSD) ਨੇ ਸਾਡੇ ਸਕੂਲਾਂ ਦੀਆਂ ਸਾਰੀਆਂ ਲੋੜਾਂ ਨੂੰ ਪਛਾਣਦਿਆਂ ਹੋਇਆਂ ਡਿਸਟ੍ਰਿਕਟ ਪੱਧਰੀ ਫੈਸਿਲਟੀਜ਼ ਮਾਸਟਰ ਪਲਾਨ (FMP) ਵਿਕਸਿਤ ਕੀਤਾ ਹੈ-ਜਿਸ ਵਿੱਚ PreK-12 ਜਮਾਤ ਦਾ ਢਾਂਚਾ, ਬਿਲਡਿੰਗ ਸਿਸਟਮ, ਸਿੱਖਿਆ ਸਬੰਧੀ ਤਕਨੀਕ, ਅਤੇ ਸਬੰਧਤ ਸਕੂਲ ਸਹੂਲਤਾਂ ਸ਼ਾਮਿਲ ਹਨ। ਸਾਡਾ FMP ਸਾਡੇ ਵਿਦਿਅਕ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਦੀ ਰੂਪਰੇਖਾ ਪੇਸ਼ ਕਰਦਾ ਹੈ। FMP ਨਾਲ ਲੈਸ ਹੋ ਕੇ, EGUSD ਨੇ FMP ਨੇ ਸਭ ਤੋਂ ਮੁੱਖ ਭਾਗਾਂ ਨੂੰ ਫੰਡ ਕਰਨ ਲਈ ਨਵੰਬਰ 2016 ਮਤਦਾਨ ਨੂੰ ਇਕ ਫੇਸਿਲਟੀਜ਼ ਬਾਂਡ, Measure M, ਲਗਾਇਆ।

**ਸਕੂਲ ਡਿਸਟ੍ਰਿਕ ਦੀਆਂ ਸਭ ਤੋਂ ਗੰਭੀਰ ਲੋੜਾਂ ਕੀ ਹਨ?**

FMP, ਡਿਸਟ੍ਰਿਕ ਪੱਧਰੀ ਲੋੜਾਂ ‘ਤੇ ਵਿਸਥਾਰ ਵਿੱਚ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ, ਜਿਸ ਵਿੱਚ ਇਹ ਸ਼ਾਮਿਲ ਹਨ:

- ਵਿਦਿਆਰਥੀਆਂ ਦੀ ਸੁਰੱਖਿਆ ਅਤੇ ਕੈਂਪਸ ਦੇ ਸੁਰੱਖਿਆ ਤੰਤਰ ਵਿੱਚ ਸੁਧਾਰ, ਜਿਸ ਵਿੱਚ ਲਾਈਟਾਂ ਦੀ ਸੁਰੱਖਿਆ, ਕੈਮਰਿਆਂ ਦੀ ਸੁਰੱਖਿਆ, ਸੁਰੱਖਿਆ ਵਾੜ, ਫਾਇਰ ਅਲਾਰਮ ਅਤੇ ਫੁਹਾਰੇ ਸ਼ਾਮਿਲ ਹਨ।
- ਖਰਾਬ ਹੋ ਰਹੀਆਂ ਛੱਤਾਂ, ਪਲੰਬਿੰਗ, ਹੀਟਿੰਗ ਅਤੇ ਏਅਰ ਕੰਡੀਸ਼ਨਿੰਗ ਸਿਸਟਮ ਦੀ ਮੁਰੰਮਤ ਜਾਂ ਤਬਦੀਲੀ
- ਗਣਿਤ, ਵਿਗਿਆਨ, ਕਲਾ ਅਤੇ ਟੈਕਨੋਲੋਜੀ ਜਿਹੇ ਮੁੱਖ ਵਿਸ਼ਿਆਂ ਵਿੱਚ ਵਿਦਿਆਰਥੀ ਦੀ ਸਿੱਖਿਆ ਵਿੱਚ ਸੁਧਾਰ ਕਰਨ ਲਈ ਕਲਾਸਰੂਮ ਵਿੱਚ ਸਿੱਖਿਆ ਤਕਨੀਕਾਂ ਨੂੰ ਅਪੱਡੇਟ ਕਰਨਾ।
- ਕੈਰੀਅਰ ਤਕਨੀਕੀ ਸਿੱਖਿਆ ਅਤੇ ਟੈਕਨੋਲੋਜੀ ਪਾਠਕ੍ਰਮਾਂ ਲਈ ਪ੍ਰਯੋਗਸ਼ਾਲਾਵਾਂ ਅਤੇ ਕਲਾਸਰੂਮ ਮੁਹੱਇਆ ਕਰਾਉਣਾ ਤਾਂ ਜੋ ਵਿਦਿਆਰਥੀ ਕਾਲਜ ਅਤੇ ਕੈਰੀਅਰ ਅਤੇ ਗਲੋਬਲ ਅਰਥਵਿਵਸਥਾ ਵਿੱਚ ਮੁਕਾਬਲੇ ਲਈ ਤਿਆਰ ਹੋਣ।
- 21 ਵੀਂ ਸਦੀ ਦਾ ਸਿੱਖਿਆ ਮਾਹੌਲ ਬਨਾਉਣ ਲਈ ਸਕੂਲ ਸੁਵਿਧਾਵਾਂ, ਕਲਾਸਰੂਮ, ਅਤੇ ਪ੍ਰਯੋਗਸ਼ਾਲਾਵਾਂ ਦਾ ਆਧੁਨੀਕਰਨ ਜੋ ਵਿਦਿਆਰਥੀ ਦੇ ਉੱਚੇ ਟੀਚਿਆਂ, ਅਸਰਦਾਰ ਅਧਿਆਪਨ ਅਤੇ ਸਿੱਖਿਆ ਦਾ ਸਮਰਥਨ ਕਰਨ।
- ਅਪਾਹਜਤਾ ਵਾਲੇ ਵਿਦਿਆਰਥੀਆਂ ਅਤੇ ਵਿਅਕਤੀਆਂ ਲਈ ਸਕੂਲ ਦੀਆਂ ਸਹੂਲਤਾਂ ਵਿੱਚ ਸੁਧਾਰ ਕਰਨਾ

**ਹੁਣ ਹੀ ਕਿਉਂ?**

EGUSD’s ਸਕੂਲ ਪੁਰਾਣੇ ਹੋ ਰਹੇ ਹਨ। ਸਾਡੇ ਆਧੁਨਿਕ ਕਲਾਸਰੂਮ, ਟੈਕਨੋਲੋਜੀ ਅਤੇ ਸਮੁੱਚੀ ਸਹੂਲਤਾਂ ਦਾ ਅਧਿਆਪਨ ਅਤੇ ਸਿੱਖਿਆ ਤੇ ਸਿੱਧਾ ਅਸਰ ਪੈਂਦਾ ਹੈ। ਸਾਡੇ 65 ਸਕੂਲ ਲਗਾਤਾਰ ਵਰਤੋਂ ਵਿੱਚ ਹਨ, ਜਿਨ੍ਹਾਂ ਵਿੱਚੋਂ 37 ਸਕੂਲ 20 ਸਾਲ ਪੁਰਾਣੇ ਹਨ ਅਤੇ ਸਾਡੇ ਸਕੂਲ ਦੀਆਂ ਇਮਾਰਤਾਂ ਦੀ ਔਸਤਨ ਉਮਰ 22 ਸਾਲ ਹੈ। ਸਾਰੇ ਸਕੂਲਾਂ ਨੂੰ ਆਪਣੀ ਉਪਯੋਗਤਾ ਕਾਇਮ ਰੱਖਣ ਲਈ ਲਗਾਤਾਰ ਸੁਧਾਰ ਦੀ ਲੋੜ ਪੈਂਦੀ ਹੈ। FMP ਰਾਹੀਂ ਪਤਾ ਚੱਲਿਆ ਹੈ ਕਿ ਤਕਰੀਬਨ 1.6 ਬਿਲੀਅਨ ਡਾਲਰਾਂ ਦੀ ਲੋੜ ਹੈ, ਜਿਸ ਵੱਲ ਜਲਦੀ ਤੋਂ ਜਲਦੀ ਧਿਆਨ ਦਿੱਤਾ ਜਾਣਾ ਚਾਹੀਦਾ ਹੈ, ਕਿਉਂਕਿ ਇਹਨਾਂ ਵਿੱਚ ਸਾਡੇ ਸਕੂਲ ਵਿਖੇ ਪੜ੍ਹ ਰਹੇ ਬੱਚੇ ਅਤੇ ਭਵਿੱਖ ਵਿੱਚ ਪੜ੍ਹਨ ਵਾਲੇ ਬੱਚੇ ਸ਼ਾਮਲ ਹਨ। EGUSD ਸਾਰੇ ਵਿਕਲਪਾਂ ਦੀ ਜਾਂਚ-ਪੜਤਾਲ ਕਰ ਰਿਹਾ ਹੈ - ਜਿਸ ਵਿੱਚ ਰਾਜ ਅਤੇ ਫੈਡਰਲ ਮੈਚਿੰਗ ਫੰਡ ਅਤੇ ਪ੍ਰਾਈਵੇਟ ਗ੍ਰਾਂਟਾਂ ਵੀ ਸ਼ਾਮਲ ਹਨ। ਇਸ ਪ੍ਰਕਿਰਿਆ ਦੇ ਹਿੱਸੇ ਦੇ ਰੂਪ ਵਿੱਚ ਅਸੀਂ Measure M ਲਈ ਕਮਿਊਨਿਟੀ ਵੱਲੋਂ ਮਦਦ ਦੀ ਸੰਭਾਵਨਾ ਸਬੰਧੀ ਵੀ ਵਿਚਾਰ ਕਰ ਰਹੇ ਹਾਂ। ਸਕੂਲ ਬਾਂਡ ਫੈਸਿਲੀਟੀ ਦੀਆਂ ਲੋੜਾਂ ਨੂੰ ਫੰਡ ਕਰਨ ਦਾ ਸਭ ਤੋਂ ਆਮ ਤਰੀਕਾ ਹਨ।

**ਵਾਧੂ ਕਲਾਸਰੂਮ ਅਤੇ ਸਹੂਲਤਾਂ ਵਧਾਉਣ ਨਾਲ ਸਿੱਖਿਆ ਵਿੱਚ ਸੁਧਾਰ ਕਿਵੇਂ ਹੋਵੇਗਾ?**

ਸਾਡਾ ਟੀਚਾ ਹੈ "ਸਿੱਖਿਆ ਸਬੰਧੀ ਸਮੂਹ ਮੁਹੱਈਆ ਕਰਨਾ ਜੋ ਕਿ ਸਾਰੇ ਵਿਦਿਆਰਥੀਆਂ ਨੂੰ ਆਪਣੇ ਹੁਨਰ ਦੀ ਪਛਾਣ ਕਰਨ ਸਬੰਧੀ ਚੁਨੌਤੀ ਦੇਵੇ।" ਅਸੀਂ ਹਰ ਵਿਦਿਅਕ ਕੇਂਦਰ ਵਿੱਚ ਅਧਿਆਪਨ ਅਤੇ ਸਿੱਖਿਆ ਵਿਚ ਉੱਤਮਤਾ ਲਈ ਕੋਸ਼ਿਸ਼ ਕਰਦੇ ਹਾਂ। ਸਾਡਾ ਟੀਚਾ ਆਪਣੇ ਬੱਚਿਆਂ ਨੂੰ ਸਿੱਖਿਆ ਅਤੇ ਤਕਨੀਕ ਤੱਕ ਪਹੁੰਚ ਪ੍ਰਦਾਨ ਕਰਨਾ ਹੈ ਜਿਹਨਾਂ ਦੀ ਲੋੜ ਉਹਨਾਂ ਨੂੰ ਐਲੀਮੈਂਟਰੀ, ਮਿਡਲ, ਅਤੇ ਹਾਈ ਸਕੂਲ ਵਿੱਚ ਸਫਲ ਹੋਣ ਲਈ ਅਤੇ ਕਾਲਜ ਅਤੇ/ਜਾਂ ਕੈਰੀਅਰ ਲਈ ਤਿਆਰ ਹੋਣ ਲਈ ਜਰੂਰੀ ਹੈ। ਸੁਰੱਖਿਅਤ, ਆਧੁਨਿਕ ਸਕੂਲ ਸਹੂਲਤਾਂ ਅਤੇ ਟੈਕਨੋਲੋਜੀ ਵਿਦਿਆਰਥੀ ਦੁਆਰਾ ਪ੍ਰਾਪਤੀ ਕਰਨ ਲਈ ਬਹੁਤ ਜਰੂਰੀ ਹੈ।

**ਲਾਟਰੀ ਰਾਹੀਂ ਫੰਡਿੰਗ ਬਾਰੇ ਕੀ ਖਿਆਲ ਹਨ? ਕੀ ਲਾਟਰੀ ਸਾਡੇ ਸਕੂਲਾਂ ਨੂੰ ਠੀਕ ਕਰਨ ਲਈ ਨਹੀਂ ਚਾਹੀਦੀ?**

ਬਦਕਿਸਮਤੀ ਨਾਲ, ਲਾਟਰੀ ਫੰਡ ਸਿਰਫ ਕਲਾਸਰੂਮ ਸਿੱਖਿਆ ਲਈ ਹੀ ਵਰਤੇ ਜਾ ਸਕਦੇ ਹਨ ਨਾਂ ਕਿ ਸਹੂਲਤਾਂ ਅਤੇ ਤਕਨੀਕ ਵਿੱਚ ਸੁਧਾਰ ਕਰਨ ਲਈ ਵਰਤੇ ਜਾ ਸਕਦੇ ਹਨ। ਭਾਵੇਂ ਜੇਕਰ ਅਸੀਂ ਲਾਟਰੀ ਫੰਡਾਂ ਦੀ ਵਰਤੋਂ ਕਰ ਵੀ ਲੈਂਦੇ ਹਾਂ, ਤਾਂ ਵੀ ਸਾਡੇ ਸਕੂਲ ਡਿਸਟ੍ਰਿਕਟ ਨੂੰ ਹਰ ਸਾਲ ਸਾਡੇ ਸਲਾਨਾ ਖਰਚਿਆਂ ਦੇ 1.5% ਤੋਂ ਵੀ ਘੱਟ ਫੰਡ ਮਿਲਦੇ ਹਨ। ਇਸ ਲਈ, ਸਾਡੀਆਂ ਜਾਣੂ ਸਹੂਲਤਾਂ ਦੀ ਲੋੜ ਵਾਸਤੇ ਲਾਟਰੀ ਫੰਡ .5% ਤੋਂ ਵੀ ਘੱਟ ਹਨ ਅਤੇ ਸਾਡੇ ਸਕੂਲ ਲਈ ਲੋੜੀਂਦੇ ਵਿਆਪਕ ਸੁਧਾਰਾਂ ਨੂੰ ਫੰਡ ਕਰਨ ਲਈ ਇਹ ਕਾਫੀ ਨਹੀਂ ਹਨ।

**ਸਕੂਲ ਦੇ ਚੱਲ ਰਹੇ ਰੱਖ-ਰਖਾਅ ਸਬੰਧੀ ਕੀ ਖਿਆਲ ਹਨ - ਕੀ ਤੁਹਾਡੇ ਕੋਲ ਸਹੂਲਤਾਂ ਸਬੰਧੀ ਬਜਟ ਨਹੀਂ ਹੈ?**
ਸਾਡੇ ਸਕੂਲ ਡਿਸਟ੍ਰਿਕਟ ਦਾ ਰੱਖ-ਰਖਾਅ ਅਤੇ ਸੰਚਾਲਨ ਸਟਾਫ਼ ਸਾਡੇ ਸਕੂਲ ਨੂੰ ਸੁਰੱਖਿਅਤ ਅਤੇ ਸਹੀ ਸਥਿਤੀ ਵਿੱਚ ਰੱਖਣ ਲਈ ਬਹੁਤ ਸਖਤ ਮਿਹਨਤ ਕਰਦੇ ਹਨ। ਪਰ ਸੱਚਾਈ ਇਹ ਹੈ ਕਿ 65 ਸਕੂਲਾਂ ਅਤੇ ਲਗਾਤਾਰ ਰਾਜ ਪੱਧਰੀ ਬਜਟ ਵਿੱਚ ਕਮੀ ਦਾ ਡਰ ਅਤੇ ਲੋੜੀਂਦੇ ਫੰਡਾਂ ਦੀ ਘਾਟ ਨਾਲ (ਕੈਲੀਫ਼ੋਰਨੀਆ ਦੇਸ਼ ਵਿੱਚ ਪਿਊਪਿਲ ਫੰਡਿੰਗ ਵਿੱਚ 49ਵਾਂ ਹੈ), ਸਾਡਾ ਮੌਜੂਦਾ ਸਹੂਲਤਾਂ ਸਬੰਧੀ ਬਜਟ ਬਹੁਤ ਮੁਸ਼ਕਲ ਨਾਲ ਹੀ ਛੋਟੀਆਂ ਛੋਟੀਆਂ ਲੋੜਾਂ ਨੂੰ ਪੂਰਾ ਕਰ ਪਾ ਰਿਹਾ ਹੈ। ਸਾਡੇ ਸਾਰੇ ਬੱਚਿਆਂ ਨੂੰ ਇੱਕ ਸਮਾਨ ਉੱਚ ਗੁਣਵੱਤਾ ਵਾਲੀ ਸਿੱਖਿਆ ਯਕੀਨੀ ਕਰਨ ਲਈ ਵਰਤਮਾਨ ਪ੍ਰਮੁੱਖ ਕੈਪੀਟਲ ਮੁਰੰਮਤ, ਸੁਧਾਰ, ਅਤੇ ਨਵੀਂ ਤਕਨੀਕ ਦੇ ਦਾਇਰੇ ਦੀ ਲੋੜ ਹੈ, ਜੋ ਕਿ ਸਕੂਲ ਕੇਂਦਰਾਂ ਦੇ ਰੱਖ-ਰਖਾਅ ਸਬੰਧੀ ਸਾਡੇ ਨਿਰਧਾਰਤ ਮਾਨਕਾਂ ਤੋਂ ਕਿਤੇ ਪਰ੍ਹੇ ਹੈ।

**EGUSD, Measure M ਵਿੱਚ ਕਾਫੀ ਵੱਡੀ ਰਕਮ ਲਈ ਕਹਿ ਰਿਹਾ ਹੈ। ਕੀ ਤੁਸੀਂ ਦੱਸ ਸਕਦੇ ਹੋ ਕਿ ਅਸਲ ਵਿੱਚ ਫੰਡ ਕਿੱਥੇ ਜਾਵੇਗਾ?**
ਹਾਂ। ਅਸੀਂ ਵਿਆਪਕ ਸਹੂਲਤਾਂ ਸਬੰਧੀ ਮਾਸਟਰ ਯੋਜਨਾ (FMP) ਬਣਾਈ ਹੈ। ਇਸ ਪੂਰੀ ਯੋਜਨਾ ਦੀ ਸਮੀਖਿਆ ਕਰਨ ਲਈ, http://www.egusd.net. ਜਾਓ। FMP ਵਿੱਚ ਪਾਲਣਾ ਲਈ ਯੋਜਨਾ ਵੀ ਸ਼ਾਮਲ ਹੈ ਜਿਸ ਵਿੱਚ ਹਰ ਸਕੂਲ ਵਿੱਚ ਲੋੜੀਂਦੇ ਅਤੇ ਹੋਣ ਵਾਲੇ ਕੰਮ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ।

**ਮੇਰੇ ਬੱਚੇ ਵੱਡੇ ਹੋ ਗਏ ਹਨ ਅਤੇ ਇੱਥੋਂ ਚਲੇ ਗਏ ਹਨ। ਮੈਨੂੰ ਇਸ ਪ੍ਰਕਿਰਿਆ ਵੱਲ ਧਿਆਨ ਕਿਉਂ ਦੇਣਾ ਚਾਹੀਦਾ ਹੈ??**
ਚੰਗੇ ਸਕੂਲ ਕਿਸੇ ਵੀ ਤੰਦਰੁਸਤ, ਉੱਨਤ ਸਮਾਜ ਦਾ ਅਧਾਰ ਹੁੰਦੇ ਹਨ। ਚੰਗੇ ਸਕੂਲ ਨਾ ਸਿਰਫ ਸੰਪੱਤੀ ਦੀ ਸੁਰੱਖਿਆ ਕਰਦੇ ਹਨ ਬਲਕਿ ਉਸ ਦਾ ਮੁੱਲ ਵੀ ਵਧਾਉਂਦੇ ਹਨ ਅਤੇ ਸਾਡੇ ਆਂਢ-ਗਵਾਂਢ ਨੂੰ ਮਜਬੂਤ ਕਰਦੇ ਹਨ। ਸਾਡੇ ਸਕੂਲ ਵਿੱਚ ਕੀਤਾ ਗਿਆ ਨਿਵੇਸ਼ ਸਥਾਨਕ ਬੱਚਿਆਂ ਦੀ ਸਿੱਖਿਆ ਜਾਰੀ ਰੱਖਣ ਵਿੱਚ ਮਦਦਗਾਰ ਹੋਵੇਗਾ ਅਤੇ ਇੱਕ ਸਫਲ ਵਿਅਕਤੀ ਬਨਣ ਵਿੱਚ ਉਨ੍ਹਾਂ ਦੇ ਵਿਕਾਸ ਨੂੰ ਪ੍ਰੋਤਸਾਹਿਤ ਕਰੇਗਾ।

**ਸਥਾਨਕ ਸਕੂਲ ਬਾਂਡ 'ਤੇ ਆਖਰੀ ਫੈਸਲਾ ਕੌਣ ਕਰਦਾ ਹੈ?**
ਸਥਾਨਕ ਤੌਰ 'ਤੇ ਚੁਣਿਆ ਗਿਆ ਸਿੱਖਿਆ ਬੋਰਡ ਇੱਕ ਕਾਨੂੰਨੀ ਅਦਾਰਾ ਹੈ ਜੋ ਬਾਂਡ ਦੀਆਂ ਚੋਣਾਂ ਕਰਵਾਉਂਦਾ ਹੈ। ਬੋਰਡ ਨੇ ਆਪਣਾ ਫੈਸਲਾ ਅਗਸਤ 1, 2016 ਨੂੰ ਕਰ ਲਿਆ ਸੀ। ਬੋਰਡ ਦੀਆਂ ਕਾਰਵਾਈਆਂ ਨੇ Measure M ਨੂੰ ਡਿਸਟ੍ਰਿਕਟ ਵੋਟਰਾਂ ਨੂੰ ਫੈਸਲਾ ਕਰਨ ਲਈ ਸਵਾਲ ਪਾਇਆ ਹੈ। ਅੰਤ ਵਿੱਚ, EGUSD ਦੇ ਰਜਿਸਟਰਡ ਵੋਟਰਾਂ ਦਾ ਫੈਸਲਾ ਅੰਤਮ ਹੋਵੇਗਾ ਜਦੋ ਉਹ ਗੈਰ-ਹਾਜ਼ਰ ਵੋਟਰਾਂ ਦੇ ਰੂਪ ਵਿੱਚ Measure M ਤੇ ਜਾਂ ਨਵੰਬਰ 8,2016 ਵਾਲੇ ਦਿਨ ਵੋਟ ਪਾਉਂਦੇ ਹਨ।

**Measure M ਵਿਚ ਵੋਟ ਪਾਉਣ ਲਈ ਕੌਣ ਯੋਗ ਹੈ?**
EGUSD ਵਿੱਚ ਸਾਰੇ ਰਜਿਸਟਰਡ ਵੋਟਰ Measure M ਲਈ ਵੋਟ ਪਾਉਣ ਦੇ ਯੋਗ ਹਨ।

**ਮੈਨੂੰ ਹੋਰ ਜਾਣਕਾਰੀ ਲੈਣ ਲਈ ਕੀ ਕਰਨਾ ਚਾਹੀਦਾ ਹੈ?**
ਵਧੇਰੇ ਜਾਣਕਾਰੀ ਲਈ, http://www.egusd.net 'ਤੇ ਜਾਓ ਜਾਂ OR 916-686-7711 'ਤੇ ਫੋਨ ਰਾਹੀਂ ਸਾਡੇ ਨਾਲ ਸੰਪਰਕ ਕਰੋ ਅਤੇ ਰੌਬਰਟ ਪਿਅਰਸ ਨੂੰ ਪੁੱਛੋ।